ਸਭ ਹੱਕ ਕਰਤਾ ਦੇ ਰਾਖਵੇਂ ਹਨ ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਪੰਜ ਕਕਾਰਾਂ ਦੀ ਫ਼ਿਲਾਸਫ਼ੀ

ਸਿੰਘ ਸਭਾ
ਸਰ ਜੀ

ਮੇਹਰ ਸਿੰਘ ਰਵੇਲ

[ਪੰਜਵੀਂ ਵਾਰ] ਦਸੰਬਰ ੧੯੪੫

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

## ਮੁਖ ਬੰਦ

ਇਨਸਾਨ ਦਾ ਕੁਦਰਤੀ ਸੁਭਾਉ ਹੈ ਕਿ ਉਹ ਸੁਸਾਇਟੀ ਬਿਨਾਂ ਰਹਿ ਨਹੀਂ ਸਕਦਾ। ਇਸਨੂੰ ਸੁਸਾਇਟੀ ਵੀ ਐਸੀ ਚਾਹੀਦੀ ਹੈ ਜਿਸ ਨਾਲ ਇਹ ਇਸ ਲੋਕ ਵਿਚ ਵੀ ਸੁਖੀ ਰਹੇ ਅਤੇ ਪ੍ਰਲੋਕ ਵਿਚ ਵੀ ਸੁਹੇਲਾ ਹੋ ਸਕੇ। ਐਸੀ ਸੁਸਾਇਟੀ ਹੀ ਇਨਸਾਨ ਦਾ 'ਮਤ' ਅਥਵਾ 'ਧਰਮ' ਅਖਵਾਉਂਦੀ ਹੈ। ਸਭਨਾਂ ਧਰਮਾਂ ਦੇ ਵਖੋਵਖ ਚਿੰਨ੍ਹ ਹਨ। ਇਨ੍ਹਾਂ ਦੀ ਆਪਣੇ ਆਪ ਵਿਚ ਮਹੱਤਤਾ ਕੋਈ ਵਡੀ ਨਹੀਂ ਹੁੰਦੀ, ਪ੍ਰੰਤੂ ਜਦ ਇਹ ਕਿਸੇ ਧਰਮ ਨੂੰ ਸੰਬੋਧਨ ਕਰਦੇ ਹਨ ਤਦ ਇਨ੍ਹਾਂ ਦੀ ਮਹੱਤਤਾ ਉਤਨੀ ਹੀ ਉੱਚੀ ਹੋ ਜਾਂਦੀ ਹੈ ਜਿਤਨੀ ਕਿ ਉਸ ਧਰਮ ਦੀ ਹੁੰਦੀ ਹੈ। ਜਿਵੇਂ ਸਿਫਰ ਦੀ ਕੀਮਤ ਆਪਣੇ ਆਪ ਵਿਚ ਕੁਝ ਨਹੀਂ, ਪਰ ਜਦ ਇਹ ਕਿਸੇ ਅੰਕ ਦੇ ਅਗੇ ਲਗਾਈ ਜਾਵੇ ਤਦ ਇਸਦੀ ਮਹਾਨਤਾ ਅੰਕਾਂ ਦੀ ਉੱਚਤਾ ਦੇ ਨਾਲ ਨਾਲ ਵਧਦੀ ਜਾਂਦੀ ਹੈ। ਧਰਮ ਦੇ ਚਿੰਨ੍ਹਾ ਪਰ ਬਹਿਸ ਕਰਨੀ ਅਕਲ ਮੰਦੀ ਨਹੀਂ, ਬਹਿਸ ਯਾ ਵੀਚਾਰ ਉਸ ਧਰਮ ਪਰ ਹੋਣੀ ਚਾਹੀਦੀ ਹੈ ਜਿਸ ਧਰਮ ਨੂੰ ਚਿੰਨ੍ਹ ਸੰਬੋਧਨ ਕਰਦੇ ਹੋਣ।

## ਚਿੰਨ੍ਹਾ ਦੀ ਲੋੜ

ਧਰਮ ਇਨਸਾਨ ਦੀ ਰਖਿਆ ਕਰਦਾ ਹੈ। ਧਰਮੀਆਂ ਦਾ ਫਰਜ਼ ਹੈ ਕਿ ਉਹ ਧਰਮ ਦੀ ਰਾਖੀ ਕਰਨ। ਧਰਮ-ਰਖਿਆ ਵਾਸਤੇ ਜਥੇਬੰਦੀ ਦੀ ਲੋੜ ਹੈ ਅਤੇ ਜਥਬੰਦੀ ਲਈ ਖਾਸ 'ਚਿੰਨ੍ਹਾਂ' ਦੀ। ਏਹ 'ਚਿੰਨ੍ਹ' ਯਾਦ ਵਿਚ ਲਿਆਉਂਦੇ ਹਨ ਰਸਤੇ ਪਾਉਣ ਵਾਲੀ ਹਸਤੀ ਨੂੰ ਅਤੇ ਉਸਦੇ ਚਲਾਏ ਪੰਥ ਨੂੰ। ਏਹ ਯਾਦ ਇਨਸਾਨ ਨੂੰ ਉੱਚਾ ਚੁਕਦੀ ਹੈ। ਏਹ ਕੌਮੀ ਨਿਸ਼ਾਨ ਹੀ ਧਰਮੀਆਂ ਵਿਚ ਕੁਰਬਾਨੀ ਦਾ ਜਜ਼ਬਾ ਪੈਦਾ ਕਰਦੇ ਹਨ। ਸਿੰਧ ਅਤੇ ਪੋਠੋਹਾਰ ਦੇ ਸਹਿਜਧਾਰੀ ਸਿਖਾਂ ਵਿਚ ਸਿਖੀ ਪ੍ਰੇਮ, ਸੇਵਾ ਭਾਵ ਅਤੇ ਗੁਰਬਾਣੀ ਦਾ ਪਿਆਰ ਕਕਾਰ ਧਾਰੀ ਸਿਖਾਂ ਨਾਲੋਂ ਕੋਈ ਘਟ ਨਹੀਂ ਪਰ ਜਦ ਗੁਰਦਵਾਰਾ



Digitized by Panjab Digital Library | www.panjabdigilib.org

ਸੁਧਾਰ ਲਹਿਰ ਵਿਚ ਕੁਰਬਾਨੀਆਂ ਦੀ ਲੋੜ ਪਈ ਸੀ ਤਦ ਇਹ ਸਹਿਜਧਾਰੀ ਸਿਖ ਨਹੀਂ ਸਨ ਅਗੇ ਆ ਸਕੇ। ਕਕਾਰ ਧਾਰੀ ਸਿਖਾਂ ਹੀ ਇਸ ਲਹਿਰ ਵਿਚ ਕੁਰਬਾਨੀਆਂ ਕੀਤੀਆਂ ਸਨ। ਧਰਮ ਰਖਿਆ ਵਾਸਤੇ ਸਦਾ ਏਹ 'ਧਰਮ ਦੇ ਨਿਸ਼ਾਨ' ਸਹਾਈ ਹੁੰਦੇ ਹਨ। 'ਦਾਗੇ ਹੋਹਿ ਸੁ ਰਨ ਮਹਿ ਜੂਝਹਿ।'

ਸਿਖੀ ਡਸਿਪਲਨ ਤੋਂ ਸ਼ੁਰੂ ਹੁੰਦੀ ਹੈ। ਸਿਖਾਂ ਨੇ ਗੁਰੂ ਦੇ ਹੁਕਮ ਵਿਚ ਰਹਿਣਾ ਹੈ। ਰਹਿਤ ਡਸਿਪਲਨ ਹੀ ਤਾਂ ਹੈ! ਜਿਵੇਂ ਸਿਪਾਹੀ ਦੀ ਯੂਨੀਫਾਰਮ ਉਸਦੇ ਬੇਦਾਰ ਸਿਪਾਹੀ ਬਣਨ ਵਿਚ ਸਹਾਇਤਾ ਕਰਦੀ ਹੈ ਉਸੇਤਰ੍ਹਾਂ 'ਪੰਜ ਕਕਾਰ' ਸਿਖ ਦੇ 'ਚੰਗਾ ਸਿਖ' ਬਣਨ ਵਿਚ ਸਹਾਈ ਹੁੰਦੇ ਹਨ। ਏਹ ਚਿੰਨ੍ਹ ਨਿਰੇ ਸਧਾਰਨ ਹੀ ਨਹੀਂ, ਇਨਸਾਨ ਦੇ ਰਖਵਾਲੇ ਅਤੇ ਸਦਾ ਸੁਖ ਦੇਣ ਵਾਲੇ ਵੀ ਹਨ। ਇਹ ਸਿਖਾਂ ਦੇ 'ਕੌਮੀ ਨਿਸ਼ਾਨ' ਅਥਵਾ 'ਧਾਰਮਕ ਰਹਿਤ' ਹੋਣ ਕਰਕੇ ਇਨ੍ਹਾਂ ਦੀ ਗੌਰਵਤਾ ਇਤਨੀ ਉੱਚੀ ਹੈ ਜਿਤਨੀ ਕਿ ਖਾਲਸਾ ਪੰਥ ਦੀ ਆਪਣੀ ਮਹਾਨਤਾ ਤੇ ਜਿਤਨਾ ਸ਼ਾਨਦਾਰ ਇਨ੍ਹਾਂਦੇ ਪਿਛੇ ਇਤਿਹਾਸ

## ਕਾਨੂੰਨਿ--ਕੁਦਰਤ

ਰਚਨਹਾਰਦੀ ਕਿਸੇ ਵੀ ਰਚਨਾ ਵਲ ਝਾਤ ਮਾਰੀਏ ਤਾਂ ਏਹ ਗੱਲ ਮੰਨਣੀ ਪੈਂਦੀ ਹੈ ਕਿ ਉਹ ਰਚਨਾ ਕਿਸੇ ਨਾ ਕਿਸੇ ਬੰਧਨ ਵਿਚ ਰਚੀ ਹੋਈ ਹੈ। ਕਾਦਰ ਦੇ ਪਾਏ ਹੋਏ ਏਹ ਬੰਧਨ ਕੋਈ ਉੱਚ ਭਾਵ ਰਖਦੇ ਹਨ। ਚੰਦ, ਸੂਰਜ, ਸਤਾਰੇ, ਪ੍ਰਿਥਵੀ, ਪੌਣ, ਪਾਣੀ, ਅਗਨੀ, ਬਿਜਲੀ, ਬਾਰਸ਼ ਅਤੇ ਹਨੇਰੀ, ਸਭ ਖਾਸ ਖਾਸ ਨਿਯਮਾਂ ਵਿਚ ਕੰਮ ਕਰ ਰਹੇ ਹਨ। ਮੌਸਮਾਂ ਦੀ ਅਦਲਾ ਬਦਲੀ ਵੀ ਕਿਸੇ ਕਾਨੂੰਨ ਵਿਚ ਹੀ ਹੋ ਰਹੀ ਹੈ। ਮਨੁਖਾਂ ਅਤੇ ਜੀਵਾਂ ਦਾ ਜੰਮਣਾ ਅਤੇ ਮਰਨਾ, ਇਵੇਂ ਹੀ ਬਨਸਪਤੀ ਦਾ ਉਗਣਾ ਅਤੇ ਸੁਕਣਾ, ਬੀਮਾਰੀਆਂ ਦਾ ਵਧਣਾ ਅਤੇ ਘਟਨਾ ਕਿਸੇ ਮਰਯਾਦਾ ਵਿਚ ਹੀ ਹੋ ਰਿਹਾ ਹੈ। ਜੋ ਮਰਯਾਦਾ ਅਥਵਾ ਕਾਨੂੰਨ ਇਨ੍ਹੀ ਸਭਨੀਂ ਥਾਈਂ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਦੇ ਆਸਰੇ ਸੰਸਾਰ ਦਾ ਸਾਰਾ ਪ੍ਰਬੰਧ 'ਉਤਪਤੀ' ਤੋਂ ਲੇਕੇ ਹੁਣ ਤਕ ਇਕ ਟੱਕ ਚਲ ਰਿਹਾ ਹੈ ਉਨ੍ਹਾਂ ਨੂੰ 'ਕਾਨੂੰਨਿ-ਕੁਦਰਤ' ਕਿਹਾ ਜਾਂਦਾ ਹੈ।



Digitized by Panjab Digital Library | www.panjabdigilib.org

ਏਨਾਂ ਦੇ ਬਨਾਵਨ ਵਾਲਾ ਕਾਦਰ ਆਪ ਹੈ ਅਤੇ ਏਹ 'ਸਮਰਥ' ਦੇ ਬਣਾਏ ਹੋਏ'ਕਾਨੂੰਨ'ਹਰ ਜ਼ਮਾਨੇ ਤੇ ਹਰ ਸਮੇਂ ਲਈ ਸਮਰਥ ਹਨ।

ਜੋ ਰਚਨਾ ਕਾਨੂੰਨ ਕੁਦਰਤ ਦੇ ਅਨੁਸਾਰ ਰਹਿੰਦੀ ਹੈ ਉਸਦੀ ਕੁਦਰਤ ਮਦਦ ਕਰਦੀ ਹੈ। ਬਨਸਪਤੀ ਅਤੇ ਪਰਮਾਣੂ ਵਿਦਿਆ ਦੇ ਖੋਜੀ ਇਸ ਗਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਿਥੇ ਪਾਣੀ ਘਟ ਹੁੰਦਾ ਹੈ ਅਤੇ ਗਰਮ ਲੋਆਂ ਬੜੀਆਂ ਵਗਦੀਆਂ ਹਨ ਉਥੇ ਜੋ ਬਨਸ-ਪਤੀ ਉਗਦੀ ਹੈ ਉਸਦੇ ਪਤਰਾਂ ਵਿਚ,ਜੜ੍ਹਾਂ ਵਿਚ ਤੇ ਤਣੇ ਵਿਚ ਕੁਦਰਤ ਵਲੋਂ ਏਹ ਖਾਸ ਸਿਫਤ ਪਾਈ ਜਾਂਦੀਹੈ ਕਿ ਉਹ ਇਨ੍ਹਾਂ ਕਠਨ ਹਾਲਤਾਂ ਵਿਚ ਵੀ ਆਪਣੇ ਜੀਵਨ ਦੇ ਸਾਰੇ ਸਾਧਨ ਸੌਖੀ ਤਰ੍ਹਾਂ ਨਾਲ ਪਰਾ-ਪਤ ਕਰ ਸਕੇ।ਜੰਗਲਾਂ ਵਿਚ ਪੈਦਾ ਹੋਣ ਵਾਲੇ ਖਾਸ ਖਾਸ ਬੂਟਿਆਂ ਅਤੇ ਬੂਟੀਆਂ ਨੂੰ ਖਾਸ ਖਾਸ ਕਿਸਮ ਦੇ ਕੰਡੇ ਲਗੇ ਹੋਏ ਹੁੰਦੇ ਹਨ ਜਿਨ੍ਹਾਂ ਦੀ ਛੋਹ ਇਨਸਾਨ ਅਤੇ ਹੈਵਾਨ ਨੂੰ ਤੜਫਾ ਦੇਂਦੀ ਹੈ। ਇਹ ਕੁਦ-ਰਤ ਵਲੋਂ ਬਨਸਪਤੀ ਪਾਸ ਸ੍ਵੈ-ਰਖਿਆ ਹਿਤ ਹਥਿਆਰ ਹਨ। ਅਜੇਹੀਆਂ ਹੀ ਤਬਦੀਲੀਆਂ ਤੇ ਵਾਧੇ ਘਾਟੇ ਜਾਨਵਰਾਂ ਵਿਚ ਵੀ ਦੇਖੇ ਜਾਂਦੇ ਹਨ। ਮੌਸਮ ਅਤੇ ਦੇਸ ਦੇ ਹਵਾ ਪਾਣੀ ਤੇ ਕੁਦਰਤੀ ਹਾਲਾਤ ਦੇ ਅਨੁਸਾਰ ਹੀ ਉਨ੍ਹਾਂ ਦੀ ਰਚਨਾ ਰਚੀ ਹੋਈ ਹੁੰਦੀ ਹੈ, ਜਿਸ ਨੂੰ ਕੁਦਰਤ ਵਲੋਂ ਸ੍ਵੈ-ਰਖਿਆ ਲਈ ਮਦਦ ਮਿਲਦੀ ਹੈ।

ਇਹੋ ਹੀ ਬਨਸਪਤੀ ਅਥਵਾ ਜਾਨਵਰ ਜਿਨ੍ਹਾਂ ਦੀ ਰਚਨਾਂ ਕੁਦਰਤ ਨੇ ਖਾਸ ਖਾਸ ਮੌਸਮ ਅਤੇ ਦੇਸ ਦੇ ਪੌਣ ਪਾਣੀ ਦੇ ਲਿਹਾਜ਼ ਨਾਲ ਰਚੀ ਹੈ ਜੇਕਰ ਮੌਸਮ ਯਾ ਦੇਸ ਵਿਚੋਂ ਤਬਦੀਲ ਹੋ ਜਾਣ ਤਦ ਸਾਧਾਰਨ ਹਾਲਤਾਂ ਵਿਚ ਇਨ੍ਹਾਂ ਦਾ ਜੀਊਣਾ ਔਖਾ ਹੋ ਜਾਂਦਾ ਹੈ।ਤਜ-ਰਬਾ ਇਸ ਗੱਲ ਨੂੰ ਸਾਬਤ ਕਰ ਚੁਕਾ ਹੈ ਕਿ ਕਾਨੂੰਨਿ-ਕੁਦਰਤ ਤੋਂ ਜੋ ਕੰਮ ਉਲਟ ਹੋਵੇ ਕੁਦਰਤ ਉਸਨੂੰ ਤਬਾਹ ਕਰ ਦੇਂਦੀ ਹੈ। ਇਸ ਲਈ ਹਰ ਰਚਨਾ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਕਾਨੂੰਨਿ-ਕੁਦਰਤ ਦੇ ਅਨੁਸਾਰੀ ਹੋਕੇ ਰਵ੍ਹੇ।

## ਅਕਾਲ ਪੁਰਖ ਦੀ ਮੂਰਤ

ਸਭਨਾਂ ਹੀ ਮਜ਼੍ਹਬਾਂ ਵਾਲਿਆਂ ਜਿਹੜੇ ਕਿ ਰੱਬ ਦੀ ਹੋਂਦ ਤੋਂ



Digitized by Panjab Digital Library | www.panjabdigilib.org

ਇਨਕਾਰੀ ਨਹੀਂ ਇਹ ਮੰਨਿਆ ਹੈ ਕਿ ਇਨਸਾਨ ਨੂੰ ਰੱਬ ਨੇ ਆਪਣੇ ਸਰੂਪ ਦਾ ਬਣਾਇਆ । ਇਹ ਸਾਰਿਆਂ ਮਜ਼ਬਾਂ ਦੀਆਂ ਧਰਮ ਪੁਸਤਕਾਂ ਸਪਸ਼ਟ ਦਸਦੀਆਂ ਹਨ ਅਤੇ ਏਹ ਧਰਮ ਪੁਸਤਕਾਂ ਇਨਸਾਨ ਦੀ ਜੋ ਸ਼ਕਲ ਪੇਸ਼ ਕਰਦੀਆਂ ਹਨ, ਜਿਸਨੂੰ ਕਿ ਉਹ ਰੱਬ ਦਾ ਬੈਰੂਨੀ ਸਰੂਪ ਮੰਨਦੀਆਂ ਹਨ, ਉਹ ਜਟਾ ਜੂਟ ਇਨਸਾਨ ਹੈ । ਪਰਮਾਤਮਾਂ ਦੇ ਸਰੂਪ-ਸਲਾਹੁਤਾ ਵਿਚ ਗੁਰ ਪ੍ਰਮਾਣ ਵੀ ਹੈ—

ਬੰਕੇ ਲੋਇਣ ਦੰਤ ਰੀਸਾਲਾ । ਸੋਹਣੇ ਨਕ ਜਿਨ ਲੰਮੜੇ ਵਾਲਾ ॥

ਸ੍ਰੀ ਕਲਗੀਧਰ ਜੀਨੇ ਸਿਖਾਂ ਨੂੰ ਅੰਮ੍ਰਿਤ ਛਕਾਕੇ ਸੂਰਤ,ਨਾਮ (ਸਿੰਘ)ਅਤੇ ਸਪਿਰਟ ਦੀ ਸਾਰਤਾ ਬਖਸ਼ਦਿਆਂ ਫੁਰਮਾਇਆ—

ਖਾਲਸਾ ਮੇਰੋ ਰੂਪ ਹੈ ਖਾਸ

ਅਥਵਾ-ਅਕਾਲ ਪੁਰਖ ਕੀ ਮੂਰਤਿ ਏਹ,ਪ੍ਰਗਟਿਓ ਆਪ ਖਾਲਸਾ ਦਹੁ

ਅਕਾਲ ਪੁਰਖ ਨੇ ਇਨਸਾਨਨੂੰ ਚੌਰਾਸੀ ਲਖ ਜੂਨੀਆਂ ਵਿਚੋਂ ਉਤਮ ਆਪਣੇ ਸਰੂਪ ਦੀ ਮਾਨੁਖ ਦੇਹੀ ਬਖਸ਼ੀ । ਸਭਨਾਂ ਜੂਨੀਆਂ ਵਿਚੋਂ ਕੇਵਲ ਇਨਸਾਨਨੂੰ ਹੀ ਏਹ ਅਵਸਰ ਦਿਤਾ ਕਿ ਉਹ ਅੰਦਰੂਨੀਤੌਰ ਤੇ ਭੀ 'ਪ੍ਰਮਾਤਮਾ'ਜਿਹਾ ਹੋ ਸਕੇ । ਭਾਈ ਗੁਰਦਾਸ ਜੀ ਨੇ ਲਿਖਿਆਹੈ—

ਚੌਰਾਸੀਹ ਲੱਖ ਜੋਨਿ ਵਿਚ ਉਤਮ ਜਨਮ ਸੁ ਮਾਣਸ ਦੇਹੀ ॥

ਸ੍ਰੀ ਮੁਖ ਵਾਕ ਹੈ:—ਅਵਰ ਜੋਨ ਤੇਰੀ ਪਨਿਹਾਰੀ ॥

ਇਸ ਧਰਤੀ ਮਹਿ ਤੇਰੀ ਸਿਕਦਾਰੀ ॥

ਇਨਸਾਨ,ਜਟਾ ਜੂਟ ਇਨਸਾਨ-ਜੋ ਕਿ ਪ੍ਰਮਾਤਮਾ ਦਾ ਬੈਰੂਨੀ ਸਰੂਪ ਹੈ-ਦੀ ਭਲਾਈ ਇਸੇ ਵਿਚ ਹੈ ਕਿ ਉਹ ਰਜ਼ਾਈ ਦੀ ਰਜ਼ਾ ਦੇ ਵਿਚ ਰਹਿੰਦਾ ਹੋਇਆ ਅੰਦਰੋਂ ਭੀ ਪ੍ਰਮਾਤਮਾ ਜਿਹਾ ਹੋਣ ਦਾ ਯਤਨ ਕਰੇ । 'ਹੁਕਮ ਰਜਾਈ ਚਲਣਾ' ਇਨਸਾਨ ਦਾ ਧਰਮ ਹੈ ਅਤੇ ਏਹ ਧਰਮ ਤਦ ਹੀ ਪੂਰਾ ਹੋ ਸਕਦਾ ਹੈ ਜੇ ਇਨਸਾਨ ਆਪਣੇ ਸਾਰੇ ਕੰਮ 'ਕਾਨੂੰਨਿ-ਕੁਦਰਤ' ਦੇ ਅਨੁਸਾਰੀ ਰਹਿਕੇ ਕਰੇ । 'ਕਾਨੂੰਨਿ-ਕੁਦਰਤ' ਪ੍ਰਮਾਤਮਾ ਦੀ 'ਰਜ਼ਾ' ਹੈ ਅਤੇ ਇਨ੍ਹਾਂ ਦੀ ਉਲੰਘਣਾ ਉਸ ਦੇ ਹੁਕਮ ਦੀ ਅਦੂਲੀ ਹੈ ।



Digitized by Panjab Digital Library | www.panjabdigilib.org

'ਕੁਦਰਤ'ਨੇ ਸਭਦੇ ਸਿਰ ਪੁਰ ਆਪਣਾ ਡੰਡਾ ਰਖਿਆ ਹੋਇਆ ਹੈ ਤੇ ਇਸ ਨੇ ਸ੍ਰਿਸ਼ਟੀ ਨੂੰ ਮਜਬੂਰ ਕਰ ਰਖਿਆ ਹੈ ਕਿ ਸ੍ਰਿਸ਼ਟੀ ਇਸ ਦੇ 'ਕਾਨੂੰਨਾਂ'ਦੀ ਪਾਲਣਾ ਕਰੇ। ਮੁਲਕ,ਕੌਮਾਂ,ਮਜ਼੍ਹਬ,ਸੁਸਾਇਟੀਆਂ, ਰਾਜਾ, ਪਰਜਾ. ਕਿਰਤੀ ਅਤੇ ਵਿਹਾਰੀ ਆਪੋ ਆਪਣੀ ਥਾਵੇਂ ਪਾਬੰਦ ਹਨ ਕਿ ਉਹ ਆਪੋ ਆਪਣੇ ਕਾਨੂੰਨਾਂ, ਅਥਵਾ ਅਸੂਲਾਂ ਨੂੰ 'ਕੁਦਰਤ' ਦੇ ਅਨੁਸਾਰੀ ਬਨਾਵਣ। ਕੋਈ ਕਾਢ ਅਥਵਾ ਢੰਗ ਯਾ ਅਸੂਲ ਅਥਵਾ ਇਸ ਪੁਰ ਚਲਣ ਵਾਲਾ ਮਜ਼੍ਹਬ, ਰਾਜ, ਕੌਮ ਯਾ ਫਿਰਕਾ ਅਟੱਲ ਨਹੀਂ ਰਹਿ ਸਕਦਾ ਜੋ 'ਕਾਨੂੰਨਿ-ਕੁਦਰਤ' ਦੀ ਵਿਰੋਧਤਾ ਕਰੇ। ਹਰ ਜ਼ਿੰਦਾ ਰਹਿਣ ਦੀ ਖ਼ਾਹਸ਼ ਰੱਖਣ ਵਾਲੀ ਕੌਮ, ਮਜ਼੍ਹਬ, ਰਾਜ ਅਤੇ ਸੁਸਾਇਟੀ ਲਈ ਏਹ ਜ਼ਰੂਰੀ ਹੁੰਦਾ ਹੈ ਕਿ ਉਹ ਅਜੇਹੇ ਨਿਯਮ ਥਾਪੇ ਜੋ 'ਕਾਨੂੰਨਿ-ਕੁਦਰਤ' ਦੇ ਅਨੁਸਾਰੀ ਹੋਵਣ।

ਦੇਸ ਦੀ ਰਾਜ ਬਣਤਰ ਦੇ ਚੰਦ ਹੀ ਸਾਂਝੇ ਕਾਨੂੰਨ ਹੋਇਆ ਕਰਦੇ ਹਨ। ਉਸਤੋਂ ਬਾਹਦ ਵਖੋ ਵਖ ਸੂਬਿਆਂ ਦੇ ਕਾਨੂੰਨ ਸੂਬਿਆਂ ਦੀ ਹਾਲਤ ਅਤੇ ਲੋੜ ਅਨੁਸਾਰ ਵਖਰੇ ਹੁੰਦੇ ਹਨ ਜੋ ਕਿ ਦੇਸ ਦੇ ਸਾਂਝੇ ਕਾਨੂੰਨਾਂ ਦੀ ਹਦ ਦੇ ਅੰਦਰ ਅੰਦਰ ਰਹਿੰਦੇ ਹਨ। ਠੀਕ ਏਹੋ ਦਸ਼ਾ 'ਕਾਨੂੰਨਿ-ਕੁਦਰਤ' ਦੇ ਸਾਹਮਣੇ ਸੰਸਾਰ ਦੇ ਵਖੋ ਵਖ ਮਜ਼੍ਹਬਾਂ ਦੀ ਹੈ। ਹਰ ਮਜ਼੍ਹਬ ਦੇ ਕੋਈ ਨ ਕੋਈ ਅਸੂਲ ਹਨ ਅਤੇ ਏਹ ਅਸੂਲ; ਜਿਸ ਮਜ਼੍ਹਬ ਦੇ ਜਿਤਨੇ ਹੀ 'ਕਾਨੂੰਨਿ-ਕੁਦਰਤ'ਦੇ ਵਧੀਕ ਅਨੁਸਾਰੀ ਹੁੰਦੇ ਹਨ ਉਤਨਾ ਹੀ ਉਹ ਮਜ਼੍ਹਬ ਕੁਦਰਤੀ ਅਥਵਾ ਸਾਇੰਟਿਫਿਕ ਤੇ ਪੱਕਾ ਹੁੰਦਾ ਹੈ।

## ਕੇਸ਼ ਰਖਣ ਦਾ ਉਪਦੇਸ਼

ਦੁਨੀਆਂ ਦੀ 'ਉਤਪਤੀ' ਦੇ ਸਮੇਂ ਵਲ ਝਾਤ ਮਾਰੀਏ,ਵੇਦਾਂ, ਉਪਨਿਸ਼ਦਾਂ, ਪੁਰਾਣਾਂ. ਗ੍ਰੈਹ ਸ਼ਾਸਤ੍ਰਾਂ ਤੇ ਸਿਮਤ੍ਰੀਆਂ ਦੇ ਮੰਤਰਾਂ ਨੂੰ ਪੜ੍ਹੀਏ, ਤਾਂ ਏਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ, ਸ੍ਰੀ ਰਾਮ ਚੰਦ੍ਰ ਜੀ, ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਇੰਦਰ ਅਤੇ ਹੋਰ ਦੇਵਤਿਆਂ ਆਪਣਾ ਓਹੀ ਜਟਾ ਜੂਟ ਸਰੂਪ ਰਖਿਆ ਜੋ ਪ੍ਰਮਾਤਮਾਂ ਨੇ ਆਪਣੀ ਰਜਾ ਅੰਦਰ ਬਨਾਇਆ। ਇਸ ਗਲ ਦਾ ਗੁਰਬਾਣੀ ਵਿਚ ਅਤੇ



Digitized by Panjab Digital Library | www.panjabdigilib.org

ਵੇਦਾਂ, ਉਪਨਿਸ਼ਦਾਂ, ਪੁਰਾਣਾ, ਸ਼ਾਸਤ੍ਰਾਂ, ਸਿਮ੍ਰਤੀਆਂ ਦੇ ਮੰਤ੍ਰਾਂ ਅਤੇ ਭਗਵਤ ਗੀਤਾ ਵਿਚ ਸਾਫ ਜ਼ਿਕਰ ਆਇਆ ਹੈ ਕਿ ਈਸ਼ਵਰ ਦਾ ਸਰੂਪ ਜਟਾ ਜੂਟ ਹੈ। 'ਕੇਸ਼' ਸੰਸਕ੍ਰਿਤ ਸ਼ਬਦ ਹੈ ਜਿਸਦੇ ਅਰਥ ਹਨ ਕ = ਸਿਰ, ਸ਼ = ਸੁਭਾਏਮਾਨ। ਇਸਦੇ ਅਰਥ 'ਨੂਰ' ਵੀ ਹਨ। ਲੰਮੇ ਕੇਸਾਂ ਦੀ ਸਿਫਤ ਪਰ ਕਈ ਮੰਤ੍ਰ ਦਿਤੇ ਗਏ ਹਨ ਅਤੇ ਕਈਆਂ ਮੰਤ੍ਰਾਂ ਰਾਹੀਂ ਏਹਕਤਈ ਫੈਸਲਾਦਿਤਾਹੈਕਿ ਬ੍ਰਹਮਚਾਰੀਆਂ,ਵਿਦ੍ਵਾਨਾਂ, ਸ਼ਸਤ੍ਰ ਅਸਤ੍ਰ ਧਾਰੀਆਂ,ਵੈਦਾਂ,ਕਾਰੀਗਰਾਂ,ਉਪਦੇਸ਼ਕਾਂ,ਬਿਜਲੀ ਦੇਕੰਮ ਕਰਨਵਾਲਿਆਂ,ਯੋਗਕਰਨਵਾਲਿਆਂਤੇਕਰਾਉਣ.ਵਾਲਿਆਂ,ਰਾਜਿਆਂ, ਧਨਵਾਨਾਂ,ਬਲਵਾਨਾਂ.ਵਿਦਿਆਰਥੀਆਂਫੌਜੀਆਂਫੌਜੀਸਿਪਾਹਸਲਾਰਾਂ ਸੁਖ ਐਸ੍ਵਰਯ ਤੇ ਪ੍ਰਮਾਤਮਾ ਦੀ ਪਰਾਪਤੀ ਕਰਨ ਵਾਲਿਆਂ ਲਈ ਤੇ ਪ੍ਰਤਾਪੀਆਂ ਲਈ ਰਬ ਦੀ ਰਜ਼ਾ ਵਿਚ ਚਲਦਿਆਂ ਹੋਇਆਂ ਲੰਬਿਆਂ ਕੇਸਾਂ ਦਾ ਧਾਰਨ ਕਰਨਾ ਜ਼ਰੂਰੀ ਹੈ। ਮੂਸਾਈਆਂ ਨੂੰ ਵੀ ਉਨ੍ਹਾਂ ਦੀ ਧਰਮ ਪੁਸਤਕ ਖਰੂਜ ਵਿਚ ਖੁਦਾ ਦਾ ਹੁਕਮ ਹੈਕਿ ਆਪਣੇ ਨਜ਼ੀਰਹੋਣ ਦੇ ਸਾਰੇਦਿਨਾਂ ਵਿਚ ਉਸਤਰਾਨਾ ਵਰਤਣ।ਐਸੀ ਹੀ ਆਗਿਆ ਕਾਬੇ ਦਾ ਹਜ ਕਰਨ ਵਾਲੇ ਮੋਮਨਾਂ ਨੂੰ ਹੈ।ਇਵੇਂ ਹਜ਼ਰਤਨੂਹ ਤੋਂ ਲੈਕੇਹਜ਼ਰਤ ਈਸਾ ਤੇ ਫਿਰ ਹਜ਼ਰਤਮੁਹੰਮਦ ਸਾਹਿਬ ਤੇ ਉਨ੍ਹਾਂ ਦੇ ਅਸਲੀਪੈਰੋਕਾਰਾਂ ਨੂੰ ਤੌਰੇਤ, ਬਾਈਬਲ ਅਤੇ ਕੁਰਾਨ ਸ਼ਰੀਫ ਦੀਆਂ ਆਇਤਾਂ ਦਵਾਰਾ ਤੱਕੀਏ ਤਾਂ ਪ੍ਰਗਟ ਹੁੰਦਾ ਹੈ ਕਿ ਉਹ ਭੀ ਜਟਾਜੂਟ ਅਰਥਾਤ 'ਕਾਨੂੰਨਿ-ਦਰਤ'ਦੇ ਪਾਬੰਦ ਰਹੇਅਤੇ ਉਨ੍ਹਾਂਨੇਭੀਰੱਬ ਦੀ ਰਜ਼ਾ ਵਿਚ ਰਹਿੰਦਿਆਂ ਹੋਇਆਂ ਲੰਬੇ ਕੇਸ ਧਾਰਨ ਦਾ ਉਪਦੇਸ਼ਦਿਤਾ।ਸਪਸ਼ਟਦਿਸਦਾ ਹੈਕਿ ਬਾਬਾ ਆਦਮ,ਸੈਮਸੂਨ,ਹਜ਼ਰਤ ਨੂਹ, ਹਜ਼ਰਤ ਇਬਰਾਹੀਮ,ਹਜ਼ਰਤ ਯਾਕੂਬ,ਹਜ਼ਰਤਮੂਸਾਤੇਉਨ੍ਹਾਂਦੇ ਭਾਈ ਹਾਰੂਨ,ਦਊਦ,ਤਸਬੀਏਲੀਆ ਨਬੀ,ਨੁਸਰਾਨੀ,ਹਜ਼ਰਤਈਸਾ,ਹਜ਼ਰਤਮੁਹੰਮਦ ਸਾਹਿਬ ਅਤੇ ਹਜ਼ਰਤ ਅਸਮਾਈਲ ਕੇਸਧਾਰੀ ਸਨ।ਇਸਤੋਂ ਇਹ ਸਾਬਤ ਹੁੰਦਾ ਹੈਕਿ ਹਿੰਦੂਆਂ ਯਹੂਦੀਆਂ, ਮੂਸਾਈਆਂ,ਈਸਾਈਆਂ ਅਤੇ ਮੁਸਲਮਾਨਾਂ ਨੂੰ ਉਹਨਾਂ ਦੇ ਧਾਰਮਕ ਗ੍ਰੰਥ ਕੇਸ ਰਖਣ ਦਾ ਉਪਦੇਸ਼ਦਿੰਦੇ ਹਨ ਅਤੇਉਨ੍ਹਾਂਦੇਬਜ਼ੁਰਗ ਕੇਸ ਰਖਦੇਆਏ ਹਨ।ਅਰਥਾਤ ਉਨ੍ਹਾਂਨੇ'ਕਾਨੂੰਨਿ-ਕੁਦਰਤ'ਤੋਂ ਉਲਟ



Digitized by Panjab Digital Library | www.panjabdigilib.org

ਸਿਰ ਮੁਨਾਉਣ ਦੀ ਨਵੀਂ ਰੀਤ ਨਹੀਂ ਸੀ ਚਲਾਈ।ਉਨ੍ਹਾਂਦਾ ਉਪਦੇਸ਼ 'ਬੈਰੂਨੀ ਸਰੂਪ'ਨੂੰ ਰਬ ਦਾਸਰੂਪ ਸਮਝ'ਸਾਬਤਸੂਰਤ'ਰਹਿਕੇਕਾਨੂੰਨਿ-ਕੁਦਰਤ ਹੇਠਚਲਕੇਅੰਦਰੋਂਰਬਦੇਨਾਲ ਮਿਲਨ ਦਾ ਯਤਨਕਰਨਾ ਸੀ।

## ਸਿਰ ਮੂੰਹ ਮੁਨਾਉਣ ਦੀ ਪਰਪਾਟੀ

ਬੀਮਾਰੀ ਅਤੇ ਬੁਰਿਆਈ ਆਪੇ ਆਪ ਵਧਦੀ ਚਲੀ ਜਾਂਦੀ ਹੈ। ਸ਼ੁਭ ਖਿਆਲਾਂ ਦਾ ਅਸਰ ਏਨੀਛੇਤੀ ਨਹੀਂ ਹੁੰਦਾ ਜਿਤਨੀ ਛੇਤੀ ਬੁਰੇ ਖਿਆਲਾਂਦਾ।ਜਿਥੇਗੁਲਾਬਦਾ ਫੁਲਹੈ ਉਥੇ ਕੰਡੇ ਜ਼ਰੂਰ ਹੁੰਦੇਂਹਨ।ਬੁਰਿ-ਆਈ ਭਲਾਈ ਦੇ ਨਾਲ ਨਾਲ ਰਹਿੰਦੀ ਹੈ ਅਤੇ ਸਮਾਂ ਮਿਲ ਜਾਣ ਪਰ ਆਪਣਾ ਦਾਉ ਲਗਾ ਲੈਂਦੀ ਹੈ।ਜਿਥੇ ਕੇਸਾਂ ਦਾ ਰਖਣਾ ਸ਼ੁਭ ਕਰਮ ਮੰਨਿਆਂ ਜਾਂਦਾ ਸੀ ਉਥੇ ਇਸਦੇ ਮੁਕਾਬਲੇ ਤੇ ਸਿਰ ਮੂੰਹ ਮੁਨਾਣ ਦੀ ਪਰਪਾਟੀ ਭੀ ਚਲ ਪਈ.ਹੁਣ ਦੇਖਣਾ ਇਹ ਹੈ ਕਿ ਪੈਹਲ ਸਿਰ ਮੁਨਾਣ ਦੀ ਕਿਵੇਂ ਹੋਈ?ਹਿੰਦੂ ਸਿਮ੍ਰਤੀਆਂ ਤੇ ਸ਼ਾਸਤ੍ਰਾਂ ਤੋਂ ਏਹ ਸਪਸ਼ਟ ਹੁੰਦਾ ਹੈਕਿ ਕੇਸ ਦਾੜ੍ਹੀਅਤੇ ਮੁਛਾਂਦਾ ਮੁੰਨਣਾ ਪਾਪਾਂ ਦੀ ਸਜ਼ਾ ਸਮਝੀ ਜਾਂਦੀ ਸੀ ਅਤੇ ਇਹ ਸਜ਼ਾ ਕਤਲਦੇ ਬਰਾਬਰ ਦੀ ਹੁੰਦੀ ਸੀ ਜਿਹਾ ਕਿ ਸੋਮ ਰਾਜਾ,ਵਰਨ ਦੇਵ,ਅਸ੍ਵਥਾਮਾ ਰੁਕਮੀਆ ਅਤੇ ਪਰਸਰਾਮ ਆਦਿ ਨੂੰ ਮਿਲੀ।ਮਨੂੰ ਸਿਮ੍ਰਤੀ ਵਿਚਕੇਸਾਂ ਦੀ ਮਹਾਨਤਾ ਦਸਦਿਆਂ ਲਿਖਿਆ ਹੈ ਕਿ ਕਿਸੇਦੇ ਕੇਸਾਂਨੂੰ ਜੋ ਹਥਪਾਵੇ ਉਸਦੇ ਹਥ ਬਿਨਾਕੁਝ ਸੋਚੇ ਕਟਦਿਓ। ਕੇਸ ਮੁੰਨਣਨਾਲ ਬਲਨਸ਼ਟ ਹੋ ਜਾਂਦਾਹੈ ਅਤੇ ਇਨਸਾਨ ਉਨ੍ਹਾਂ ਉਚ ਆਤਮਕ ਦਾਤਾਂਤੋਂ ਸਖਣਾ ਹੋਜਾਂਦਾ ਹੈ ਜੋ ਕਿ'ਸਾਬਤ-ਸੂਰਤ'ਰਹਿਕੇ ਹੀ ਪ੍ਰਾਪਤਹੋ ਸਕਦੀਆਂ ਹਨ।ਇਸ ਗਲਨੂੰ ਹਿੰਦੂਸ਼ਾਸਤ੍ਰ ਵੀਅਤੇਮੁਸਲ-ਮਾਨਾਂ ਤੇ ਹੋਰ ਮਜ਼੍ਹਬਾਂ ਦੀਆਂ ਮੁਕੱਦਸ ਕਿਤਾਬਾਂ ਵੀ ਮੰਨਦੀਆਂ ਹਨ।

ਅਥਰਵਵੇਦ ਦੇ ਕਾਂਡ੬ ਸੂਰਤ੬੮ ਮੰਤਰ ੩ ਵਿਚ ਏਹ ਜ਼ਿਕਰ ਆਇਆਹੈ ਕਿ''ਵਿਦਵਾਨ ਸਵਿਤਾਦੇਵ ਨੇਜਿਸਉਸਤਰੇ ਨਾਲ'ਸੋਮ-ਰਾਜਤੇਵਰਨ ਦੇਵਤਾ'ਦੇ ਵਾਲਮੁੰਨੇਸਨਉਸੇ ਉਸਤਰੇ ਨਾਲਇਸਲੜਕੇ ਦੇਵਾਲ ਮੁੰਨੋ।''ਸਾਧੂ ਦਯਾਨੰਦ ਜੀ ਨੇਆਪਣੀ ਸੰਸਕਾਰ ਵਿਧੀ ਵਿਚ ਮੁੰਡਨ ਸੰਸਕਾਰਸਮੇਂ ਏਹਮੰਤ੍ਰਪੜ੍ਹਨਦਾ ਹੁਕਮ ਕੀਤਾਹੈ।ਦੁਨੀਆਂਵਿਚ ਕੋਈ ਪੁਰਾਣੀ ਤੋਂਪੁਰਾਣੀ ਪੁਸਤਕ ਮਿਲਦੀ ਹੈਤਾਂ ਉਹ ਹਿੰਦੂਆਂ ਦੇ



Digitized by Panjab Digital Library | www.panjabdigilib.org

ਚਾਰ ਵੇਦ ਹਨ।ਅਥਰਵ ਵੇਦ ਦੇ ਉਪਰੋਕਤ ਮੰਤ੍ਰ ਵਿਚ ਪਹਿਲੋਂ ਪਹਿਲ ਜਿਨ੍ਹਾਂ ਦੇ ਸਿਰ ਮੁੰਨਣ ਦਾ ਜ਼ਿਕਰ ਆਇਆ ਹੈ ਓਹ'ਸੋਮਰਾਜਾ'ਅਤੇ 'ਵਰਨਦੇਵ'ਹਨ।ਹਿੰਦੂਆਂ ਦੀਆਂ ਪੁਸਤਕਾਂ ਇਸ ਗਲ ਨੂੰ ਸਾਬਤ ਕਰ-ਦੀਆਂਹਨ ਕਿ ਏਹ ਦੋਨੋ ਹੀ ਨੇਕਆਚਾਰ ਦੇ ਨਹੀਂਸਨ।ਇਨ੍ਹਾਂ ਦੋਹਾਂਹੀ ਪਰਇਸਤ੍ਰੀ ਨਾਲਸਬੰਧ ਕੀਤਾ ਜਿਸਤੋਂ ਕਿ ਇਹਦੋਵੇਂ ਕਤਲ ਦੀਸਜ਼ਾ ਦੇ ਮੁਜਰਮ ਸਨ।ਪਰ ਚੂੰਕਿ ਹਿੰਦੂਸ਼ਾਸਤ੍ਰਾਂ ਅਨੁਸਾਰ ਕੇਸ ਕਤਲਕਰਨ ਨੂੰ ਕਤਲ ਬਰਾਬਰ ਸਮਝਿਆ ਜਾਂਦਾ ਹੈ ਇਸ ਲਈ 'ਸੋਮਰਾਜਾ' ਤੇ 'ਵਰਨ ਦੇਵ'ਦੇ,ਕਤਲ ਕਰਨ ਦੀ ਥਾਵੇਂ,ਸਿਰ ਮੁੰਨੇ ਗਏ।ਸ੍ਰੀ ਕ੍ਰਿਸ਼ਨ ਜੀਨੇ ਰੁਕਮਣਤੇ ਕੰਸ ਅਤੇ ਸ੍ਰੀ ਰਾਮਚੰਦਰ ਜੀਨੇ ਪਰਸਰਾਮਨੂੰ ਕਤਲ ਕਰਨ ਦੀ ਥਾਂ ਉਨ੍ਹਾਂਦੇ ਕੇਸ ਹੀ ਮੁੰਨੇ ਸਨ।ਏਹ ਰਵਾਜ-ਮਿਸਰ ਵਿਚ ਵੀ ਸੀ। ਪਿਛਲੇ ਜੁਗਾਂ ਵਿਚ ਇਕ ਦੀ ਕੀਤੀ ਸਾਰੇ ਕੁਟੰਬ ਅਗੇ ਆਉਂਦੀਸੀ।ਉਨਾਂ ਜੁਗਾਂਦਾ ਨਿਆਉਂਹੀਇਹੋ ਗਿਣਿਆ ਜਾਂਦਾਸੀ—

'ਸਤਿਜੁਗ ਕਾ ਨਿਆਉਂ ਸੁਣ ਇਕ ਫੇੜੇ ਸਭ ਜਗਤ ਮਰਾਵੈ।
ਤ੍ਰੇਤੇ ਨਗਰੀ ਪੀੜੀਐ ਦੁਆਪਰ ਵੰਸ ਕੁਵੰਸ ਕੁਹਾਵੈ।' ਭਾ: ਗੁ:

ਇਕਦਾ ਸਿਰ ਮੁੰਨੇਜਾਣ ਪਰ ਉਸ ਜੁਗ ਦੇ ਨਿਆਉਂ ਅਨੁ-ਸਾਰ ਕਈਆਂ ਦੇ ਸਿਰ ਮੁੰਨੇ ਜਾਣੇ ਅਵਸ਼ਜ ਸਨ। ਇਸ ਤਰ੍ਹਾਂ ਹੌਲੀ ਹੌਲੀ ਸਿਰ ਮੁਨਿਆਂ ਦੀ ਗਿਣਤੀ ਵਧਦੀ ਚਲੀ ਗਈ। ਆਖਰ ਭੇਡ ਚਾਲ ਚਲ ਪਈ ਅਤੇ ਅਸਲੀਅਤ ਨੂੰ ਭੁਲਕੇ ਲੋਕਾਂ ਨੇ ਅੰਤ ਵਿਚ ਏਹਸਿਰ ਮੁਨਾਉਣ ਅਥਵਾ ਮੁੰਡਨ ਕਰਨ ਨੂੰ ਰਸਮ ਹੀ ਸਮਝਲਿਆ।

## ਭੁੱਲਿਆਂ ਦਾ ਰਹਿਬਰ

ਇਨਸਾਨਾਂ ਨੇ ਆਪਣੇ ਅੰਦਰੂਨੀ ਭਾਗ ਨੂੰ ਰੱਬ ਜਿਹਾ ਤਾਂ ਕੀਹ ਬਨਾਉਣਾ ਸੀ ਉਹ ਰੱਬਦੇ ਉਸ'ਸਰੂਪ'ਤੋਂ ਭੀ ਵਾਂਜੇ ਗਏ ਜੋ ਉਸਨੇ ਇਨਸਾਨਨੂੰਬਖਸ਼ਿਆਸੀ। ਇਹ 'ਕਾਨੂੰਨਿ-ਕੁਦਰਤ ਤੋਂ ਉਲਟ ਜਾ ਰਹੇ ਮਨੁਸ਼ ਸਚ ਮੁਚ ਹੀ ਉਨ੍ਹਾਂ ਰੱਬੀ ਬਰਕਤਾਂ ਤੋਂ ਵਾਂਜੇ ਗਏ ਸਨ ਜੇਹੜੀਆਂ ਕਿ ਰੱਬ ਦੀ ਰਜ਼ਾ ਵਿਚ ਚਲਣ ਵਾਲੇ ਕੇਵਲ 'ਸਾਬਤ-ਸੂਰਤ'ਪੁਰਸ਼ਾਂਨੂੰ ਹੀ ਪ੍ਰਾਪਤ ਹੋਣੀਆਸਨ।ਬਸ ਇਨ੍ਹਾਂਦੀਫੇਰਠੀਕਓਹੋ ਹੀ ਦਸ਼ਾਹੋ ਰਹੀਸੀ ਜੋਕਿ 'ਕਾਨੂੰਨ-ਕੁਦਰਤ'ਤੋਂਉਲਟਜਾਣਵਾਲਿਆਂ



Digitized by Panjab Digital Library | www.panjabdigilib.org

ਦੀਹੋ ਸਕਦੀਸੀ। ਵਿਲਕਦੀ ਸ੍ਰਿਸ਼ਟੀ ਦੀ ਹਾਹਾਕਾਰ ਤੇ ਪੁਕਾਰਨੂੰ ਸੁਣ ਦਾਤਾਰ ਨੇ ਰਹਿਮ ਖਾਧਾ:—'ਸੁਣੀ ਪੁਕਾਰ ਦਾਤਾਰ ਪ੍ਰਭ ਗੁਰਨਾਨਕ ਜਗ ਮਾਹਿ ਪਠਾਯਾ।'ਸਤਿਗੁਰੂ ਨਾਨਕਦੇਵਜੀਦਾ ਅਵਤਾਰ ਹੋਇਆ। ਆਪਨੇ ਦਸ ਜਾਮੇ ਧਾਰੇ ਅਤੇ ਅਸਲੀਅਤ ਤੋਂ ਭੁੱਲੀ ਭਟਕਦੀ ਹੋਈ ਸ੍ਰਿਸ਼ਟੀ ਨੂੰ ਰਬ ਦੀ ਰਜ਼ਾ ਅੰਦਰ ਚਲਣ ਦਾ ਉਪਦੇਸ਼ ਦਿਤਾ। ਉਨ੍ਹਾਂ ਦਸਿਆ ਕਿ'ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ।'ਸਾਹਿਬਾਂ ਸਾਫ ਕਿਹਾ ਹੈ ਕਿ ਜੋ ਲੋਕ 'ਮਾਲਕ' ਦੀ ਰਜ਼ਾ ਅਥਵਾ 'ਕਾਂਨੂੰਨਿ-ਕੁਦਰਤ'ਦੀ ਉਲੰਘਣਾ ਕਰਦੇਹੋਏ ਕੇਸ ਕਟਾ ਰਹੇਹਨ ਉਨਾਂ ਨੂੰ ਸੱਤ ਦੀ ਪ੍ਰਾਪਤੀ ਨਹੀਂਹੋਸਕਦੀ। ਯਥਾ—'ਨਾ ਸਤਿ ਮੂੰਡ ਮੁੰਡਾਇ ਕੇਸੀਂ।'

ਸਤਿਗੁਰੂ ਜੀਨੇ ਪ੍ਰਮਾਤਮਾ ਦੀ ਸਲਾਹੁਤਾ ਵਿਚ ਕਿਹਾ ਹੈਕਿ ਤੇਰੇ 'ਬੰਕੇਲੋਇਣ ਦੰਤਿ ਰੀਸਾਲਾ। ਸੋਹਨੇ ਨਕ ਜਿਨਿ ਲੰਮੜੇ ਵਾਲਾ।' ਲੰਮੇ ਕੇਸ ਇਨਸਾਨ ਨੂੰ ਭੀ ਪਰਾਪਤ ਹਨ ਅਤੇ ਇਨਸਾਨ ਨੂੰ ਇਸ ਗਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਉਸਨੂੰ ਪਰਮਾਤਮਾਂ ਨੇ ਆਪਣਾ ਬੇਰੂਨੀ ਸਰੂਪ ਬਖਸ਼ਿਆ ਹੈ। ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਕਲਗੀਧਰ ਜੀ ਤਕ ਦਸਾਂ ਹੀ ਸਤਿਗੁਰਾਂ ਨੇ ਸ੍ਰਿਸ਼ਟੀ ਦੇ ਲੋਕਾਂ ਨੂੰ ਰੱਬ ਦੀ ਰਜ਼ਾ ਅੰਦਰ ਰਹਿਣ ਦਾ ਉਪਦੇਸ਼ ਦਿਤਾ ਅਤੇ ਕੇਸਾਂ ਦੇ ਕਟਾਵਣ ਦੀ–ਭੁਲ ਦੇ ਕਾਰਨ–ਜੋ ਪਰਪਾਟੀ ਪੈ ਚੁਕੀ ਸੀ, ਉਸ ਨੂੰ ਰੋਕਣ ਦੇ ਸਾਧਨ ਕੀਤੇ। ਜੋ ਲੋਕ ਕਹਿੰਦੇ ਹਨ ਕਿ ਕੇਵਲ ਸਾਹਿਬ ਸ੍ਰੀ ਕਲਗੀਧਰ ਜੀ ਨੇ ਹੀ ਕੇਸ ਰਖਵਾਣ ਪੁਰ ਜ਼ੋਰ ਦਿਤਾਹੈ ਉਨ੍ਹਾਂ ਨੂੰ ਬਾਣੀ ਦੀ ਵਿਚਾਰ ਅਤੇ ਸਿਖ ਇਤਿਹਾਸ ਦਾ ਮੁਤਾਲਆ ਕਰਨਾ ਚਾਹੀਦਾਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਸਪਸ਼ਟ ਜ਼ਿਕਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਪੀਰ ਬਹਾਉ ਦੀਨ ਨਾਲ ਗੋਸ਼ਟ ਕਰਦਿਆਂ ਕੇਸਾਂ ਨੂੰ ਰੱਬ ਦੀ ਮੋਹਰ ਦਸਿਆ ਅਤੇ ਇਨ੍ਹਾਂ ਦੇ ਧਾਰਨ ਦਾ ਉਪਦੇਸ਼ ਦਿਤਾ। ਭਾਈ ਮਨੀਸਿੰਘ ਜੀ ਦੀਜਨਮ ਸਾਖੀ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਜਦ ਗੁਰੂਨਾਨਕ ਸਾਹਿਬ ਸ਼ਿਕਾਰ ਪੁਰ ਗਏ ਤਾਂ ਨੂਰ ਨਿਸਤਾਰ ਆਜੜੀ ਨੇ ਬੱਕਰੀਆਂ ਦਾ ਦੁਧ ਗੁਰੂ ਜੀ ਦੀ ਭੇਟਾ ਕੀਤਾ। ਗੁਰੂ ਜੀ ਨੇ ਮਰਦਾਨੇ ਨੂੰ ਪੀਣ ਦੀ ਆਗਿਆ



Digitized by Panjab Digital Library | www.panjabdigilib.org

ਕੀਤੀ । ਮਰਦਾਨੇ ਪੀ ਲਿਆ । ਭਾਈ ਮਰਦਾਨੇ ਨੇ ਆਜੜੀਨੂੰ ਕਿਹਾ ।ਕੁਝ ਮੰਗ ਲੈ । ਆਜੜੀ ਨੇ ਕਿਹਾ 'ਮੈਂ ਭਗਵਾਨ ਹੋ ਜਾਵਾਂ' ਮਰਦਾਨੇ ਨੇ ਕਿਹਾ ਫੇਰ ਤਿੰਨ ਗਲਾਂ ਧਾਰਨ ਕਰ । ਕੇਸ ਰਖ, ਨਾਮ ਜਪੁ ਅਤੇ ਸਾਧ ਸੰਤ ਦੀ ਸੇਵਾ ਕੀਤਾ ਕਰ ।

ਪਿਛੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਹਰ-ਮਨ ਪਿਆਰਾ ਮਜ਼੍ਹਬ ਓਹ ਹੀ ਹੋ ਸਕਦਾ ਹੈ ਜੋ ਕਿ'ਕਾਨੂੰਨਿ-ਕੁਦਰਤ'ਦੇ ਅਨੁਸਾਰੀ ਹੋਵੇ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਲਗੀਧਰ ਜੀ ਨੇ ਠੀਕ ਐਸਾ ਹੀ ਮਜ਼੍ਹਬ ਲੋਕਾਂ ਦੇ ਸਾਹਮਣੇ ਰਖਿਆ।ਇਹ ਕੋਈ ਨਵਾਂ ਮਜ਼੍ਹਬ ਨਹੀਂ ਸੀ ਕਿ ਲੋਕਾਂ ਨੂੰ ਨਵੇਂ ਸਿਰੇ ਧਾਰਨ ਕਰਨਾ ਪੈਂਦਾ। ਬਲਕਿ ਏਹ ਉਹ ਮਜ਼੍ਹਬ ਸੀ ਜੋ ਇਨਸਾਨ ਜਨਮ ਤੋਂ ਨਾਲ ਹੀ ਲੈਕੇ ਆਉਂਦਾ ਹੈ। ਇਸ ਵਿਚ ਕੋਈ ਇਨਸਾਨੀ ਬਨਾਵਟ ਨਹੀਂ । ਇਹ 'ਕਾਨੂੰਨਿ-ਕੁਦਰਤ' ਅਥਵਾ ਰੱਬ ਦੀ ਰਜ਼ਾ ਦੇ ਐਨ ਅਨੁਸਾਰੀ ਹੈ ।

ਜਿਵੇਂ ਛੋਟੇ ਬੱਚਿਆਂ ਨੂੰ ਪੜ੍ਹਾਵਣ ਦਾ ਤ੍ਰੀਕਾ ਕੁਝ ਹੋਰ ਅਤੇ ਵਡੀਆਂ ਜਮਾਤਾਂ ਨੂੰ ਪੜ੍ਹਾਵਣ ਦਾ ਤਰੀਕਾ ਕੁਝ ਹੋਰ ਹੁੰਦਾਹੈ ਤਿਵੇਂ ਹੀ ਅਨਜਾਣ ਸ੍ਰਿਸ਼ਟੀ ਨੂੰ ਸੂਝ ਦਿਲਾਵਣ ਦੇ ਤਰੀਕੇ ਵਰਤੇ ਗਏ । ਤਾਲੀਮ ਇਕੋਹੀ ਸੀਅ'ਸਲੀਅਤਦੀ ਸੂਝ ਕਰਾਉਣੀ'ਅਰਥਾਤ'ਖਾਲਸਾ ਧਰਮ'(ਖਾਲਸ ਧਰਮ)ਦਾ ਸਮਝਾਣਾ।ਅਗਾਂਹ ਸਮਝਣ ਵਾਲਿਆਂ ਦੀ ਸਝਮ ਅਤੇ ਹਾਲਤ ਅਨੁਸਾਰ ਇਸ ਤਲੀਮ ਨੂੰਕਈ ਤ੍ਰੀਕਿਆਂ ਨਾਲ ਦਿਤਾ ਗਿਆ । ਇਸ ਤਾਲੀਮ ਦਾ ਦੇਣਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਅਤੇ ਸ੍ਰੀ ਕਲਗੀਧਰ ਜੀਨੇ ਇਸਨੂੰ ਮੁਕੰਮਲ ਕਰ ਦਿਤਾ।

## ਖਾਲਸਾ ਧਰਮ

ਜਿਵੇਂ ਕਿਸੇ ਮਸਲੇ ਨੂੰ ਹੱਲ ਕਰ ਅੰਤ ਵਿਚ ਗੁਰ ਮੁਕਰਰ ਕਰ ਦਿਤਾ ਜਾਂਦਾ ਹੈ ਇਵੇਂ ਹੀ ਸ੍ਰਿਸ਼ਟੀ ਨੂੰ ਅਮਲੀ ਜੀਵਨ ਅਤੇ ਗੁਰ-ਬਾਣੀ ਰਾਹੀਂ ਅਸਲੀਅਤ ਸਮਝਾ ਅੰਤ ਵਿਚ ਸਾਹਿਬਾਂਨੇ ਖਾਲਸਾਧਰਮ ਦੇ,ਗੁਰਬਾਣੀ ਦੇ ਉਪਦੇਸ਼ਾਂ ਦੇ ਨਾਲਹੀ,ਸੰਖੇਪਕੋਮੀਅਸੂਲਇਉਂਦਸੇ:-

ਚੋਹਾਂ ਕੁਰੈਹਤਾਂ ਤੋਂ ਬਚਣਾ

੧. ਕੇਸਾਂ ਦੀ ਬੇਅਦਬੀ ਨਹੀਂ ਕਰਨੀ ।੨.ਕੁੱਠਾ ਨਹੀਂਖਾਣਾ।



Digitized by Panjab Digital Library | www.panjabdigilib.org

੩. ਤਮਾਕੂ ਨਹੀਂ ਵਰਤਣਾ।੪. ਪਰ ਇਸਤ੍ਰੀ-ਸੰਗ ਨਹੀਂ ਕਰਨਾ।

ਪੰਜ ਰਹਿਤਾਂ ਧਾਰਨ ਕਰਨੀਆਂ

੧.ਕੇਸ. ੨. ਕੰਘਾ, ੩, ਕ੍ਰਿਪਾਨ, ੪. ਕਛ, ੫. ਕੜਾ।

ਏਹ ਰਹਿਤਾਂ ਨਵੀਆ ਨਹੀਂ ਕੁਦਰਤ ਦੇ ਅਨੁਸਾਰੀ ਰਹਿਣ ਵਾਲੇ ਮਹਾਂ ਪੁਰਸ਼ ਇਨ੍ਹਾਂ ਦੀ ਅਧਿਕ ਜ਼ਰੂਰਤ ਨੂੰ ਤਕਕੇ ਮੁਢ ਤੋਂ ਹੀ ਧਾਰਨ ਕਰਦੇ ਆਏ ਹਨ।

ਉਕਤ ਕੁਰੈਹਤਾਂ ਤੋਂ ਬਚਣ ਅਤੇ ਰਹਿਤਾਂ ਪਰ ਚਲਣ ਦਾ ਭਾਵ 'ਕਾਨੂੰਨਿ-ਕੁਦਰਤ'ਅਨੁਸਾਰੀ ਹੋ ਚਲਣ ਦਾ ਹੈ। ਅਗਲੇ ਸਫਿਆਂ ਪੁਰ ਪੰਜਾਂ ਕਰਾਰਾਂ ਤੇ ਵੀਚਾਰ ਕੀਤੀ ਜਾਂਦੀ ਹੈ। ਪ੍ਰੰਤੂ ਇਥੇ ਏਹ ਦਸ ਦੇਣਾ ਜ਼ਰੂਰੀ ਹੈ ਕਿ ਸਿਖ ਲਈ, 'ਗੁਰ ਕਹਿਆ ਸਾ ਕਾਰ ਕਮਾਵਹੁ'ਦੇ ਵਾਕ ਅਨੁਸਾਰ ਗੁਰ ਹੁਕਮਾਂ ਨੂੰ ਮੰਨਣਾਂ ਜ਼ਰੂਰੀ ਹੈ, ਨੁਕਤਾਚੀਨੀ ਕਰਨੀ ਠੀਕ ਨਹੀਂ।

## ਕੇਸ਼

ਕੇਸ਼ਾਂ ਸਬੰਧੀ ਵਿਸਤਾਰ ਪੂਰਬਕ ਲਿਖਿਆ ਜਾਂ ਚੁਕਾ ਹੈ।ਹੁਣ ਕੇਵਲ ਅਜ ਕਲਦੇ ਫੈਸ਼ਨ—ਪ੍ਰਸਤ ਨੌਜਵਾਂਨਾਂ ਦੇ ਸ਼ੰਕਿਆਂਦੇ ਉੱਤਰਾਂ ਲਈ ਵੀਚਾਰਾਂ ਦਰਜ ਕੀਤੀਆਂ ਜਾਂਦੀਆਂਹਨ।(੧)ਕੇਸ਼ ਖਾਲਸੇਦਾ ਪਹਿਲਾ ਕੁਦਰਤੀ ਚਿੰਨ੍ਹ ਹਨ। ਭਾਵੇਂ ਹੋਰਨਾਂ ਚੌਹਾਂ ਕਕਾਰਾਂ ਦੀ ਰਹਿਤ ਦਾ ਧਾਰਨੀ ਹੋਵੇ ਪਰ ਕੇਸ਼ਾਂ ਬਿਨਾਂ ਉਸਨੂੰ ਸਿੰਘ ਕੋਈ ਨਹੀਂ ਆਖਦਾ।(੨) ਗੁਰੂਸਾਹਿਬ ਨੇ ਕੇਸ਼ਰਖਾਣੇ ਪ੍ਰਚਲਤ ਨਹੀਂ ਕੀਤੇ ਉਨ੍ਹਾਂਨੇਤਾਂ ਮੁਨਾਉਣ ਦੀ ਮਨਾਹੀ ਕੀਤੀਹੈ।(੩)ਕੇਸ਼ ਰਖਣ ਵਾਲਿਆਂ ਵਿਚ ਸ਼ਕਤੀ ਵਧੀਕ ਹੁੰਦੀ ਹੈ। ਏਹ ਕੇਵਲ ਸਿਖਹੀ ਨਹੀਂ ਆਖ ਰਹੇ,ਹਿੰਦੂਆਂ ਦੇ ਵੇਦ,ਅਤੇ ਮੁਸਲਮਾਨਾਂ ਦੀਆਂ ਮੁਕੱਦਸ ਕਿਤਾਬਾਂ ਵੀ ਇਸ ਗਲ ਦੀ ਹਾਮੀ ਭਰਦੀਆਂ ਹਨ। ਕੇਸ਼ਾਧਾਰੀ ਸਿਖਾਂ ਨੇ ਢਾਈ ਤਿੰਨ ਸੌ ਸਾਲਦੇ ਅਰਸੇ ਵਿਚ ਆਪਣੀ ਬਹਾਦਰੀ ਦੀ ਉਹ ਧਾਂਕ ਪਾ ਦਿਤੀ ਹੈਜਿਸਦੀ ਮਿਸਾਲ ਦੁਨੀਆਂ ਦੇ ਇਤਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਏਹ ਕੇਸ਼ ਧਾਰੀ ਖਾਲਸਾ ਹੀ ਹੈ ਜਿਸਨੇ ਆਪਣੀ ਬਹਾਦਰੀ ਦੇ ਇਕਬਾਲ ਕੇਵਲ ਹਿੰਦੁਸਤਾਨ ਅਤੇ ਏਸ਼ੀਆਵਿਚ ਹੀਨਹੀਂ ਬਲਕਿ ਦੁਨੀਆਂਦੇ ਭਿਆਨਕ



Digitized by Panjab Digital Library / www.panjabdigilib.org

ਜੰਗਾਂ ਵਿਚ ਦੁਨੀਆਂ ਭਰ ਦੀਆਂ ਸਭ ਕੌਮਾਂ ਤੋਂ ਕਰਵਾਏ ਹਨ। ਕੀ ਇਹ ਸਾਬਤ ਸੂਰਤ ਹੋਣ ਕਰਕੇ ਖਾਲਸਾ ਜੀ ਵਿਚ ਰੱਬੀ ਬਰਕਤ ਨਹੀਂ?(੪) ਉਹਨਾਂ ਸਾਧਨਾਂ ਦੇ ਕਰਨ ਸਮੇਂ ਜੇਹੜੇ ਰਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਹੋਣ ਹਿੰਦੂਆਂ ਮੁਸਲਮਾਨਾਂ ਤੇ ਹੋਰ ਮਜ਼ਬਾਂ ਨੂੰ ਉਨ੍ਹਾਂ ਦੀਆਂ ਧਾਰਮਕ ਪੁਸਤਕਾਂ ਰਾਹੀਂ ਉਪਦੇਸ਼ ਹੈ ਕਿ ਉਹ ਉਨ੍ਹਾਂ ਸਾਧਨਾਂ ਦੇ ਕਰਨ ਦੇ ਦਿਨਾਂ ਵਿਚ ਵਾਲ ਨਾਂ ਲਾਹੁਣ।(੫) ਕੇਸ਼ ਬਾਹਰ ਦੀ ਗਰਮੀ ਮੀਂਹ ਧੁਪ ਬਰਫ ਦੇ ਅਸਰ ਤੋਂ ਦਿਮਾਗ ਨੂੰ ਬਚਾਈ ਰਖਦੇ ਹਨ।(੬) ਕੇਸ਼ਾਧਾਰੀ 'ਸਾਬਤ ਸੂਰਤ' ਪੁਰਸ਼ ਰੋਹਬ ਵਾਲਾ ਹੁੰਦਾ ਹੈ।(੭) ਕੇਸ਼ ਖੂਬਸੂਰਤੀ ਨੂੰ ਵਧਾਵਣ ਵਾਲੇ ਹਨ। ਵੇਦਾਂ ਤੇ ਗ੍ਰੰਥਾਂ ਨੇ ਇਨ੍ਹਾਂ ਨੂੰ ਸੁੰਦਰ ਦਸਿਆ ਹੈ ਅਤੇ ਸਾਰੇ ਹੀ ਕਵੀ ਆਪਣੀਆਂ ਕਵਿਤਾਵਾਂ ਵਿਚ ਕੇਸ਼ਾਂ ਦੀ ਸੁੰਦਰਤਾ ਨੂੰ ਸਲਾਹੁੰਦੇ ਹਨ।(੮) ਕੇਸ਼ ਸਿਰ ਤੇ ਬੋਝ ਨਹੀਂ ਹਨ. ਜੋ ਸਰੀਰ ਦਾ ਅੰਗ ਹੋਵੇ ਉਹ ਬੋਝ ਨਹੀਂ ਹੁੰਦਾ। ਕਦੇ ਕਿਸੇ ਨੇ ਬਾਹਵਾਂ ਵੀ ਵਾਧੂ ਬੋਝ ਲਟਕਦਾ ਸਮਝ ਕੇ ਕਟਾਈਆਂ ਹਨ?(੯) ਜੂਆਂ ਪੈਣ ਦੇ ਡਰ ਤੋਂ ਕੇਸ਼ਾਂ ਨੂੰ ਕਟਾਉਣ ਦੀ ਦਲੀਲ ਦੇਣ ਵਾਲੇ ਦਲਿਦ੍ਰੀ ਹਨ। ਜਿਨ੍ਹਾਂ ਦੇ ਸਿਰਾਂ ਵਿਚ ਜੂਆਂ ਪੈ ਸਕਦੀਆਂ ਹਨ ਉਨ੍ਹਾਂ ਦੇ ਕਪੜਿਆਂ ਵਿਚ ਵੀ ਜੂਆਂ ਪੈ ਸਕਦੀਆਂ ਹਨ ਤੇ ਪਿੰਡੇ ਤੇ ਖੁਰਕ। ਕਿਉਂ ਜੋ ਏਹ ਸਭ ਕੁਝ ਗਲੀਜ਼ ਰਹਿਣ ਕਰਕੇ ਹੁੰਦਾ ਹੈ। ਕੀ ਉਹ ਕਪੜੇ ਵੀ ਲਾਹ ਦੇਣਗੇ ਤੇ ਪਿੰਡੇ ਦਾ ਮਾਸ ਵੀ ਖੁਰਚ ਸੁਟਣਗੇ ? (੧੦) ਕੇਸ਼ਾਂ ਦੇ ਧੋਣ ਦਾ ਖਰਚ ਜ਼ਿਆਦਾ ਤੋਂ ਜ਼ਿਆਦਾ ਆਮ ਹਾਲਤ ਵਿਚ ਚਾਰ ਪੈਸੇ ਹਫਤਾ ਪੈਂਦਾ ਹੈ ਪਰ ਹਜਾਮਤ ਦਾ ਖਰਚ ਇਸ ਤੋਂ ਕਿਤੇ ਵਧ ਹੁੰਦਾ ਹੈ। ਫੈਸ਼ਨ-ਪ੍ਰਸਤ ਤਾਂ ਹਜਾਮਤਾਂ ਵਿਚ ਹੀ ਲੁਟੇ ਜਾਂਦੇ ਹਨ।(੧੧) ਕੇਸ਼ਾਂ ਦਾ ਹੋਣਾ 'ਕੁਦਰਤ ਨੂੰ ਮਨਜ਼ੂਰ ਹੈ' ਜਿਤਨੀ ਵਾਰੀ ਉਤਾਰੋ ਮੁੜ ਮੁੜ ਉਗਦੇ ਹਨ।(੧੨) ਕੇਸ਼ਾਂ ਦਾ ਵਾਧਾ ਘਾਟਾ ਮਨੁਸ਼ ਦੀ ਅਵਸਥਾ ਦੇ ਅਨੁਸਾਰ ਹੀ ਹੁੰਦਾ ਰਹਿੰਦਾ ਹੈ, ਬਾਲ ਅਵਸਥਾ ਵਿਚ ਕੇਸ਼ ਘਟ ਹੁੰਦੇ ਹਨ, ਯੁਵਾ ਅਵਸਥਾ ਵਿਚ ਬਲ ਅਤੇ ਤਾਕਤ ਅਨੁਸਾਰ ਵਧੀਕ ਹੁੰਦੇ ਹਨ, ਬਿਰਧ ਅਵਸਥਾ ਵਿਚ ਫੇਰ ਛੋਟੇ ਹੋ ਜਾਂਦੇ ਹਨ। ਕੁਦਰਤ ਇਨ੍ਹਾਂ ਨੂੰ ਲੋੜ ਅਨੁਸਾਰ ਆਪਣੇ ਆਪ ਵਧਾ ਘਟਾ ਦੇਂਦੀ ਹੈ।(੧੩) ਕੇਸ਼ਾਂ ਦੇ ਮੁੜ ਮੁੜ ਕਟਾਉਣ ਨਾਲ ਖਾਰਸ਼ ਤੇ



Digitized by Panjab Digital Library | www.panjabdigilib.org

ਰੋਹਬਾਂ ਪੈਦਾ ਹੁੰਦੀਆਂ ਹਨ ਅਤੇ ਬਹੁਤ ਸਾਰੀ Energy (ਸ਼ਕਤੀ( ਅਜਾਈਂ ਜਾਂਦੀ ਹੈ।(੧੪)ਕੇਸ਼ ਬਹੁਤ ਸਾਰੀਆਂ ਦੀਮਾਗੀ ਬੀਮਾਰੀਆਂ ਤੋਂ ਬਚਾਉਂਦੇ ਹਨ ।ਸਟ ਪੇਟ ਤੋਂ ਵੀ ਬਚਾਉਂਦੇ ਹਨ। (੧੫) ਕੇਸ਼ ਇਜ਼ਤ ਦੀ ਨਿਸ਼ਾਨੀ ਹਨ।ਕੋਈਸਿਖ ਕੇਸ਼ ਕਟਾ ਦੇਵੇ ਤਾਂ ਸਭ ਉਸ ਨੂੰ ਬੁਰਾਬੁਰਾ ਆਖਦੇ ਹਨ ਤੇ ਉਹ ਬੇ-ਰੋਹਬ ਆਪ ਣੀਸ਼ਰਮ ਵਿਚਡੁਬਿਆ ਰਹਿੰਦਾ ਹੈ ਪਰ ਜੇ ਕੋਈ ਮਨੁੱਖ ਕੇਸ਼ ਰਖ ਲਵੇ ਤਾਂ ਉਸ ਨੂੰ ਸਭ ਇਜ਼ਤ ਦੀ ਨਜ਼ਰ ਨਾਲ ਦੇਖਦੇ ਹਨ।(੧੬)ਸਾਇੰਟੇਫਿਕ ਖੋਜ ਤੋਂਪਤਾ ਲਗਾ ਹੈ ਕਿ ਕੇਸ਼ ਦਾਹੜੀ ਮੁਛਾਂ ਕਟਾਉਣ ਨਾਲ ਅਖਾਂਦੀ ਜੋਤ ਘਟ ਜਾਂਦੀ ਹੈ।(੧੭)ਮਾਸਟਰ ਆਤਮਾਰਾਮ ਜੀ ਵਿਦਜ਼ ਇੰਨਸਪੈਕਟਰ ਬੜੋਦਾ ਸਟੇਟ ਤੇ ਪੰਡਤ ਭੀਮ ਸੈਨ ਪ੍ਰਿੰਸੀਪਲ ਗੁਰੂ ਕੁਲ ਜਵਾਲਾ ਪੁਰ ਨੇ ਸਵਾਮੀ ਦਯਾ ਨੰਦ ਜੀ ਕ੍ਰਿਤ ਸੰਸਕਾਰ ਵਿਧੀ ਤੇ ਟੀਕਾ ਕਰਦਿਆਂ ਹੋਇਆਂ ਇਸ ਗਲ ਨੂੰ ਮੰਨਿਆਂ ਹੈਕਿ ਮਾਂ ਆਪਣ ਬਾਲ ਉਤੇ ਅਪਨੇ ਕੇਸ਼ਾਂ ਦਵਾਰਾ ਇਕ ਖਾਸ ਪ੍ਰਭਾਵ ਪਾਉਂਦੀ ਹੈ ਜੋ ਕੇਸ਼ਹੀਣ ਮਾਤਾ ਨਹੀਂ ਪਾ ਸਕਦੀ, ਇਸੇ ਲਈ ਪ੍ਰਾਚੀਨ ਕਾਲ ਤੋਂ ਇਸਤ੍ਰੀਆਂ ਅਪਣੇ ਕੇਸ਼ਾਂ ਦਾ ਖਿਆਲ ਖਾਸ ਕਰਕੇ ਰਖਦੀਆਂ ਹਨ।ਜੇ ਟੱਬਰ ਵਿਚ ਸਾਰੇ ਕੇਸ਼ਾਂ ਧਾਰੀ ਹੋਣ ਤਾਂ ਬੱਚੇ ਉਤੇ ਕਈ ਗੁਣਾ ਚੰਗਾ ਅਸਰ ਪੈ ਸਕਦਾ ਹੈ।

## ਕੰਘਾ

ਕੇਸ਼ਾਂ ਦੇ ਨਾਲ ਇਨ੍ਹਾਂ ਦੀ ਸਫਾਈ ਵਾਸਤੇ ਕੰਘੇ ਦੀ ਅਧਿਕ ਲੋੜ ਹੈ।ਇਸ ਨੂੰ ਹਮੇਸ਼ਾਂ ਨਾਲ ਰਖਣ ਦੀ ਆਗਿਆ ਹੈ। ਜੇ ਏਨੀ ਪਾਬੰਦੀ ਨਾ ਹੁੰਦੀ ਤਦ ਇਸਦੀ ਸੰਭਾਲ ਨਹੀਂ ਸੀ ਹੋ ਸਕਦੀ ਅਤੇ ਕੇਸਾਂ ਦੀ ਸਫਾਈ ਵਿਚ ਫਰਕ ਆਉਂਦਾ ਸੀ ।ਕੇਸਾਂ ਦੀ ਸਫਾਈ ਅਤੇ ਸਿਹਤ ਰਖਿਆ ਲਈ ਏਹ ਜ਼ਰੂਰੀ ਹੈ ਕਿ ਕੰਘਾ ਕੇਸਾਂ ਦੇ ਨਾਲ ਹੀ ਰਹਵੇ ਤਾਕਿ ਲੋੜ ਵੇਲੇ ਫੌਰਨ ਵਰਤੋਂ ਵਿਚ ਆ ਸਕੇ। ਏਹ ਚਿੰਨ੍ਹ ਭੀ ਨਵਾਂ ਨਹੀਂ ਰਖਿਆ ਗਿਆ ਮੁੱਢ ਤੋਂ ਹੀ ਕੰਘਾ ਕੇਸ਼ਾਂ ਦੇ ਨਾਲ ਹੈ।

## ਕ੍ਰਿਪਾਨ

ਅਰੰਭ ਵਿਚ ਸੰਸਾਰ ਵਿਚ ਦੋ ਵਿਦਿਆ ਪ੍ਰਧਾਨ ਹੋਈਆਂ-



Digitized by Panjab Digital Library | www.panjabdigilib.org

ਸ਼ਾਸਤ੍ਰ ਵਿਦਿਆ ਅਤੇ ਸ਼ਸਤ੍ਰ ਵਿਦਿਆ। ਇਨ੍ਹਾਂ ਦਹਾਂ ਹੀ ਵਿਦਿਆ ਵਿਚ ਸ੍ਰੀ ਕਲਗੀਧਰ ਜੀ ਨੇ ਖਾਲਸੇ ਨੂੰ ਪ੍ਰਪੱਕ ਕੀਤਾ। ਸ਼ਸਤ੍ਰ ਰੱਬੀ ਸ਼ਕਤੀ ਹੈ ਜਿਸ ਨੂੰ ਪਰਮਾਤਮਾ ਨੇ ਆਪ ਵਡਿਆਇਆ ਹੈ। ਸ੍ਰੀ ਕਲਗੀਧਰ ਜੀ ਦਾ ਫੁਰਮਾਣ ਹੈ 'ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ।' ਇਵੇਂ ਹੀ ਸ੍ਰੀ ਕਲਗੀਧਰ ਜੀ ਨੇ ਸ਼ਸਤ੍ਰ ਨੂੰ ਵਡਿਆਈ ਦਿਤੀ। ਯਥਾ:—'ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈ ਧਿਆਇ'। 'ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ। ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ'। ਅਥਵਾ 'ਨਮਸਕਾਰ ਸ੍ਰੀ ਖੜਗ ਕਉ।' ਅਵਤਾਰਾਂ ਨਾਲ ਮੁੱਢ ਤੋਂ ਸ਼ਸਤਰ ਰਿਹਾ ਹੈ। ਇਸ ਲਈ ਖਾਲਸੇ ਨੂੰ ਭੀ ਸਾਹਿਬਾਂ ਨੇ ਕ੍ਰਿਪਾਨ ਧਾਰੀ ਰਖਣ ਦੀ ਆਗਿਆ ਕੀਤੀ। ਏਹ ਕੋਈ ਨਵਾਂ ਚਿੰਨ੍ਹ ਨਹੀਂ ਰਖਵਾਇਆ।

ਹਰ ਵਕਤ ਇਸ ਦੇ ਗਾਤਰੇ ਹੋਣ ਤੋਂ ਦੁਸ਼ਮਨ, ਚੋਰ ਤੇ ਡਾਕੂ ਇਸ ਤੋਂ ਭੈ ਖਾਂਦੇ ਹਨ ਅਤੇ ਮੁਭਾਵਕ ਹੀ ਏਹ ਹੌਸਲੇ ਤੇ ਰਖਿਆ ਦਾ ਕਾਰਨ ਬਣਦੀ ਹੈ। ਕਈ ਵੇਰ ਔਖੇ ਸਮੇਂ ਵਿਚ ਇਨਸਾਨ ਦਾ ਸਾਥ ਦੇਂਦੀ ਹੈ। ਇਸ ਦੇ ਧਾਰਨ ਕਰਨ ਵਾਲਾ ਮਨੁਸ਼ ਪਰ ਅਧੀਨ ਨਹੀਂ ਹੁੰਦਾ। ਇਹ ਇਕ ਪੁਰਾਤਨ ਸਰਦਾਰੀ ਤੇ ਇੱਜ਼ਤ ਦਾ ਨਿਸ਼ਾਨ ਹੈ। ਫੌਜਾਂ ਵਿਚ ਅਜ ਵੀ ਇਸ ਦਾ ਵਡਾ ਸਤਕਾਰ ਹੈ। ਸਟਾਲਨਗਰਾਡ (ਰੂਸ) ਦੀ ਇਤਹਾਸਕ ਤੇ ਲੰਬੀ ਖੂਨੀ ਜੰਗ ਜਿੱਤਣ ਦੀ ਯਾਦ ਵਿਚ ਬਰਤਾਨੀਆਂ ਵਲੋਂ ਰੂਸ ਨੂੰ ੧੯੪੩ ਈਸਵੀ ਵਿਚ ਨਵੀਨ ਸਾਇੰਟੇਫਿਕ ਭਿਆਨਕ ਹਥਿਆਰਾਂ ਦੇ ਜ਼ਮਾਨੇ ਵਿਚ ਵੀ ਤਲਵਾਰ (ਕ੍ਰਿਪਾਨ) ਦਾ ਤੋਹਫਾ ਹੀ ਪੇਸ਼ ਕੀਤਾ ਗਿਆ ਹੈ।

## ਕੱਛ

ਕਛ ਧਾਰਨ ਕਰਨ ਸੰਬੰਧੀ ਸਤਗੁਰੂ ਜੀ ਦੀ ਆਗਿਆ ਹੈ ਕਿ ਸਿਖ ਇਸ ਤੋਂ ਹੋਰਨਾਂ ਕਕਾਰਾਂ ਦੀ ਤਰ੍ਹਾਂ ਇਕ ਨਿਮਖ ਭਰ ਭੀ ਜੁਦਾ ਨਾ ਹੋਵੇ। ਇਸ ਨੂੰ ਬਦਲਨ ਸਮੇਂ ਇਕ ਪਹੁੰਚਾ ਲਾਹਵੇ ਤੇ ਇਕ ਪਾਵੇ। ਕਛ ਕੋਈ ਨਵਾਂ ਪਹਿਰਾਵਾ ਨਹੀਂ। ਏਹ ਪਹਿਲਾਂ ਤੋਂ ਹੀ ਇੰਦਰੇ-ਜਿਤ ਸੂਰਬੀਰ ਭੈਰੋਂ ਹਨੂੰਮਾਨ ਸ੍ਰੀ ਰਾਮਚੰਦਰ ਲਖਮਣ ਆਦਿ



Digitized by Panjab Digital Library | www.panjabdigilib.org

ਪਹਿਰਦੇ ਆਏ ਹਨ। ਏਹ ਇਕ ਸੁਖਦਾਇਕ ਕਈ ਗੁਣਾਂ ਵਾਲਾ ਪਹਿਰਾਵਾ ਹੈ ਜਿਸ ਨੂੰ ਅਵਤਾਰਾਂ ਤੇ ਸੂਰਬੀਰਾਂ ਨੇ ਪਹਿਨਿਆਂ ਅਤੇ ਵਡਿਆਇਆ ਹੈ। ਅਜ ਕਲ ਦੀ ਰੋਸ਼ਨੀ ਵਾਲਿਆਂ ਵੀ ਸਲਾਹਿਆ ਹੈ। ਯੂਰਪ ਤੇ ਅਮਰੀਕਾ ਵਿਚ ਮੇਮਾਂ ਤਕ ਨੇ ਇਸ ਦਾ ਪਹਿਰਨਾਂ ਪਸੰਦ ਕੀਤਾ ਹੈ। ਪੜਦੇ ਤੇ ਇਜ਼ਤ ਵਾਲਾ ਬਸਤਰ ਹੈ। ਉਹ ਲੋਕ ਆਲਸੀ ਅਤੇ ਗਲੀਜ਼ ਹਨ ਜੋ ਇਸ ਨੂੰ ਪਹਿਰਦੇ ਨਹੀਂ।

## ਕੜਾ

ਖਾਲਸਾ ਧਰਮ ਦਾ ਪੰਜਵਾਂ ਚਿੰਨ੍ਹ (ਸਰਬ ਲੋਹ ਦਾ) ਕੜਾ ਹੈ। ਲੋਹਾ ਪਾਸ ਰਖਣ ਨੂੰ ਸਾਇੰਸਦਾਨ ਵੀ ਸ਼ੁਭ ਖਿਆਲ ਕਰਦੇ ਹਨ। ਕਈਆਂ ਆਧਾਂ ਬਿਆਧਾਂ ਲਈ ਇਸ ਨੂੰ ਰੱਖ ਮੰਨਿਆਂ ਗਿਆ ਹੈ। ਸਾਹਿਬ ਸਰਬ ਲੋਹ ਨੂੰ ਵਡਿਆਉਂਦੇ ਹੋਏ ਫੁਰਮਾਉਂਦੇ ਹਨ:– 'ਸਰਬ ਲੋਹ ਕੀ ਰਛਾ ਹਮਨੇ।' ਹਥ ਵਿਚ ਚੰਗਾ ਕੜਾ ਪਿਆ ਹੋਇਆ ਹਥ ਪੁਰ ਤਲਵਾਰ ਦੇ ਵਾਰ ਨੂੰ ਵੀ ਰੋਕਦਾ ਹੈ, ਬਤੌਰ ਹਥਿਆਰ ਵੀ ਕੰਮ ਕਰਦਾ ਹੈ।

ਵਿਆਹ,ਯਗ ਆਦਿ ਸ਼ੁਭ ਕਾਰਜਾਂ ਸਮੇਂ ਕੰਗਣੇਦਾ ਪਹਿਰਨਾ ਪਹਿਲੇਂ ਤੋਂ ਹੀ ਪਰਵਿਰਤ ਹੈ ਤੇ ਇਹ ਸ਼ੁਭ ਸਗਨ ਮੰਨਿਆਂ ਗਿਆ ਹੈ। ਜੰਗ ਸਮੇਂ ਬਹਾਦਰਾਂ ਨੂੰ ਗਾਨਾ ਬੰਨ੍ਹਿਆਂ ਜਾਂਦਾ ਸੀ ਜਿਸਦਾ ਭਾਵ ਇਹ ਸੀ ਕਿ ਉਹਨਾਂ ਦੇ ਜ਼ਿਮੇ ਜੋ ਕੌਮੀ ਫਰਜ਼ ਹੈ, ਉਸ ਦੇ ਪੂਰਾ ਕਰਨ ਲਈ ਓਹ ਇਕਰਾਰ ਕਰਦੇ ਹਨ। ਭੈਣਾਂ ਅਤੇ ਧੀਆਂ ਗਾਨਾ ਬੰਨਦੀਆਂ ਹਨ।ਅਤੇ ਇਨਸਾਨਾਂ ਨੂੰ ਧੀ ਭੈਣ ਦੀ ਰਖਿਆ ਦਾ ਫਰਜ਼ ਚੇਤੇ ਕਰਾਉਂਦੀਆਂ ਹਨ। ਇਵੇਂ ਹੀ ਖਾਲਸੇ ਦਾ ਖਾਲਸ ਰਹਿਣ ਤੇ ਕੌਮੀ ਫਰਜ਼ ਨਿਬਾਹੁਣ ਲਈ ਸ੍ਰੀ ਕਲਗੀਧਰ ਜੀ ਅਗੇ ਏਹ ਕੜਾ ਇਕਰਾਰ ਹੈ। ਸਿਖੀ ਦਾ ਏਹ ਇਕ ਐਸਾ ਨਿਸ਼ਾਨਹੈ ਜੋ ਅਖੀਰ ਤਕ ਸਰੀਰ ਦੇ ਨਾਲ ਨਿਭਦਾ ਹੈ।

---

ਵਜ਼ੀਰ ਹਿੰਦ ਪ੍ਰੈੱਸ ਹਾਲ ਬਜ਼ਾਰ ਅੰਮ੍ਰਿਤਸਰ ਵਿਚ ਸ: ਭੁਪਿੰਦਰਸਿੰਘ ਬੀ.ਏ. ਐਲਐਲ.ਬੀ. ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ਅਤੇ ਸ: ਮੇਹਰ ਸਿੰਘ ਰਵੇਲ ਚੌਂਕ ਬਾਬਾ ਅਟੱਲ,ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ।

PL-0149

Digitized by Panjab Digital Library | www.panjabdigilib.org